ਮਿੱਠੇ ਬੱਚੇ:- "ਮਿੱਠੇ ਬੱਚੇ:- ਬਾਪ ਦਾ ਕਰੱਤਵ ਹੈ, ਕੰਡਿਆਂ ਦੇ ਜੰਗਲ ਨੂੰ ਖ਼ਲਾਸ ਕਰ ਫੁੱਲਾਂ ਦਾ ਬਗੀਚਾ ਬਣਾਉਣਾ, ਇਸ ਵਿੱਚ ਹੀ ਨੰਬਰਵਨ ਫੈਮਿਲੀ ਪਲੈਨਿੰਗ ਹੋ ਜਾਂਦੀ ਹੈ"

ਪ੍ਰਸ਼ਨ:- ਫੈਮਲੀ ਪਲੈਨਿੰਗ ਦਾ ਫਸਟਕਲਾਸ ਸ਼ਾਸਤਰ ਕਿਹੜਾ ਹੈ ਅਤੇ ਕਿਵੇਂ?

ਉੱਤਰ:- ਗੀਤਾ ਹੈ ਫੈਮਿਲੀ ਪਲੈਨਿੰਗ ਦਾ ਫਸਟ ਕਲਾਸ ਸ਼ਾਸਤਰ ਕਿਉਂਕਿ ਗੀਤਾ ਦਵਾਰਾ ਹੀ ਬਾਪ ਨੇ ਅਨੇਕ ਅਧਰਮ ਵਿਨਾਸ਼ ਕਰ ਇਕ ਧਰਮ ਸਥਾਪਨ ਕੀਤਾ। ਗੀਤਾ ਵਿੱਚ ਹੀ ਭਗਵਾਨ ਦੇ ਮਹਾਵਾਕਿਆ ਹਨ - ਕਾਮ ਮਹਾਸ਼ਤਰੂ ਹੈ। ਜਦੋਂ ਕਾਮ ਸ਼ਤਰੂ ਤੇ ਜਿੱਤ ਪਾ ਲੈਂਦੇ ਹੋ ਤਾਂ ਫੈਮਿਲੀ ਪਲੈਨਿੰਗ ਖੁਦ ਹੀ ਹੋ ਜਾਂਦੀ ਹੈ। ਇਹ ਇੱਕ ਬਾਪ ਦਾ ਹੀ ਕੰਮ ਹੈ। ਕਿਸੇ ਮਨੁੱਖ ਦਾ ਨਹੀਂ।

ਓਮ ਸ਼ਾਂਤੀ। ਸ਼ਿਵ ਭਗਵਾਨੁਵਾਚ। ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ, ਇਸ ਦੁਨੀਆਂ ਨੂੰ ਤਾਂ ਆਸੁਰੀ ਦੁਨੀਆਂ ਜਰੂਰ ਕਹਾਂਗੇ। ਨਵੀ ਦੁਨੀਆਂ ਨੂੰ ਦੈਵੀ ਦੁਨੀਆਂ ਕਹਾਂਗੇ। ਦੈਵੀ ਦੁਨੀਆਂ ਵਿੱਚ ਮਨੁੱਖ ਬੜੇ ਥੋੜੇ ਰਹਿੰਦੇ ਹਨ। ਹੁਣ ਇਹ ਰਾਜ਼ ਵੀ ਕਿਸੇ ਨੂੰ ਸਮਝਾਉਣਾ ਚਾਹੀਦਾ ਹੈ। ਜਿਹੜੇ ਫੈਮਿਲੀ ਪਲੈਨਿੰਗ ਦੇ ਮਨਿਸਟਰ ਹੁੰਦੇ ਹਨ, ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ। ਬੋਲੋ, ਫੈਮਿਲੀ ਪਲੈਨਿੰਗ ਦੀ ਡਿਊਟੀ ਤਾਂ ਗੀਤਾ ਦੇ ਕਥਨ ਅਨੁਸਾਰ ਇਕ ਬਾਪ ਦੀ ਹੀ ਹੈ। ਗੀਤਾ ਨੂੰ ਤਾਂ ਸਭ ਮੰਨਦੇ ਹੀ ਹਨ। ਗੀਤਾ ਹੈ ਹੀ ਫੈਮਿਲੀ ਪਲੈਨਿੰਗ ਦਾ ਸ਼ਾਸਤਰ। ਗੀਤਾ ਨਾਲ ਹੀ ਬਾਪ ਨਵੀ ਦੁਨੀਆਂ ਦੀ ਸਥਾਪਨਾ ਕਰਦੇ ਹਨ। ਇਹ ਤਾਂ ਆਟੋਮੈਟਿਕਲੀ ਡਰਾਮਾ ਵਿੱਚ ਉਨ੍ਹਾਂ ਦਾ ਪਾਰਟ ਨੂੰਧਾ ਹੋਇਆ ਹੈ। ਬਾਪ ਹੀ ਆਕੇ ਆਦਿ ਸਨਾਤਨ ਦੇਵੀ-ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ ਮਤਲਬ ਕਿ ਪਿਉਰ ਨੈਸ਼ਨੇਲਿਟੀ ਦੀ ਸਥਾਪਨਾ ਕਰਦੇ ਹਨ। ਆਪਣੇ ਨੂੰ ਦੇਵੀ ਦੇਵਤਾ ਧਰਮ ਦਾ ਹੀ ਕਹਿਣਗੇ। ਗੀਤਾ ਵਿੱਚ ਭਗਵਾਨ ਸਾਫ਼ ਦੱਸਦੇ ਹਨ ਕਿ ਮੈਂ ਆਉਂਦਾ ਹੀ ਹਾਂ ਇਕ ਧਰਮ ਦੀ ਸਥਾਪਨਾ ਕਰਨ, ਬਾਕੀ ਅਨੇਕ ਸਭ ਧਰਮਾਂ ਦਾ ਵਿਨਾਸ਼ ਕਰਨ ਦੇ ਲਈ। ਤਾਂ ਇਸ ਨਾਲ ਫੈਮਿਲੀ ਪਲੈਨਿੰਗ ਨੰਬਰਵਨ ਹੋ ਜਾਵੇਗੀ। ਸਾਰੀ ਸ੍ਰਿਸ਼ਟੀ ਤੇ ਜੈ-ਜੈ ਕਾਰ ਹੋ ਜਾਵੇਗੀ ਅਤੇ ਇਕ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਹੋ ਜਾਵੇਗੀ। ਹੁਣ ਤਾਂ ਬੜੇ ਮਨੁੱਖ ਹੋਣ ਕਾਰਣ ਬੜਾ ਕਿਚੜਾ ਹੋ ਗਿਆ ਹੈ। ਉਥੋਂ ਦੇ ਜਾਨਵਰ ਪੰਛੀ ਆਦਿ ਸਭ ਫਸਟਕਲਾਸ ਹੋਣਗੇ, ਜੋ ਦੇਖਣ ਨਾਲ ਹੀ ਦਿੱਲ ਖੁਸ਼ ਹੋ ਜਾਵੇ, ਡਰਨ ਦੀ ਗੱਲ ਨਹੀਂ ਹੈ। ਬਾਪ ਬੈਠ ਸਮਝਾਉਂਦੇ ਹਨ ਤੁਸੀਂ ਮੈਨੂੰ ਬੁਲਾਇਆ ਹੀ ਇਸਲਈ ਹੈ ਕੀ ਆਕੇ ਫੈਮਿਲੀ ਪਲੈਨਿੰਗ ਕਰੋ ਮਤਲਬ ਪਤਿਤ ਫੈਮਿਲੀਜ਼ ਨੂੰ ਵਾਪਿਸ ਲੈ ਜਾਵੋ, ਪਾਵਨ ਫੈਮਿਲੀ ਦੀ ਸਥਾਪਨਾ ਕਰੋ। ਤੁਸੀਂ ਸਭ ਕਹਿੰਦੇ ਸੀ - ਬਾਬਾ, ਆਕੇ ਪਤਿਤ ਦੁਨੀਆਂ ਖ਼ਲਾਸ ਕਰ ਨਵੀ ਪਾਵਨ ਦੁਨੀਆਂ ਬਣਾਓ। ਇਹ ਬਾਪ ਦੀ ਹੀ ਪਲੈਨਿੰਗ ਹੈ। ਦੇਖਣ ਨਾਲ ਹੀ ਦਿਲ ਖੁਸ਼ ਹੋ ਜਾਵੇ। ਲਕਸ਼ਮੀ- ਨਰਾਇਣ ਨੂੰ ਦੇਖਣ ਨਾਲ ਤੁਹਾਡੀ ਦਿਲ ਖੁਸ਼ ਹੁੰਦੀ ਹੈ ਨਾ। ਉੱਥੇ ਤਾਂ ਸਾਰੇ ਰਾਜਾ ਰਾਣੀ ਅਤੇ ਪ੍ਰਜਾ ਸਾਰੇ ਫਸਟ ਕਲਾਸ ਹੁੰਦੇ ਹਨ। ਤਾਂ ਇਹ ਫੈਮਿਲੀ ਪਲੈਨਿੰਗ ਦੀ ਯੁਕਤੀ ਡਰਾਮਾ ਵਿੱਚ ਨੂੰਧੀ ਹੋਈ ਹੈ। ਤੁਹਾਨੂੰ ਬੱਚਿਆਂ ਨੂੰ ਸਮਝਾਉਣਾ ਹੈ - ਪਾਰਲੌਕਿਕ ਬਾਪ ਤਾਂ ਸਤਿਯੁੱਗੀ ਪਲੈਨਿੰਗ ਫਸਟਕਲਾਸ ਕਰਦੇ ਹਨ, ਕੰਡਿਆਂ ਦੇ ਜੰਗਲ ਨੂੰ ਹੀ ਖ਼ਲਾਸ ਕਰ ਦਿੰਦੇ ਹਨ। ਇਸ ਸਾਰੇ ਭੰਬੋਰ ਨੂੰ ਅੱਗ ਲੱਗ ਜਾਂਦੀ ਹੈ। ਇਹ ਧੰਧਾ ਤਾਂ ਬਾਪ ਦਾ ਹੀ ਹੈ। ਤੁਸੀਂ ਕੁਝ ਵੀ ਨਹੀਂ ਕਰ ਸਕਦੇ ਹੋ। ਕਿੰਨੀ ਵੀ ਮਿਹਨਤ ਕਰੋ, ਸਕਸੇਸਫੁੱਲ(ਸਫ਼ਲ) ਕੋਈ ਹੋ ਨਹੀਂ ਸਕਦਾ ਹੈ। ਬਾਪ ਕਹਿੰਦੇ ਹਨ ਜਿਸ ਕਾਮ ਵਿਕਾਰ ਨੂੰ ਤੁਸੀਂ ਆਪਣਾ ਮਿੱਤਰ ਸਮਝਦੇ ਹੋ ਉਹ ਬੜਾ ਭਾਰੀ ਦੁਸ਼ਮਣ ਹੈ। ਬਹੁਤ ਹਨ ਜੋ ਉਸਦੇ ਮਿੱਤਰ ਬਣ ਜਾਂਦੇ ਹਨ। ਬਾਪ ਆਰਡੀਨੈਂਸ ਕੱਢਦੇ ਹਨ - ਤੁਸੀਂ ਇਸ ਤੇ ਜਿੱਤ ਪਾਓ। ਤੁਸੀਂ ਸਮਝਾਓ - ਬਾਪ ਕਹਿੰਦੇ ਹਨ ਕਾਮ ਮਹਾਸ਼ਤਰੂ ਹੈ। ਵਿਚਾਰਿਆ ਨੂੰ ਪਤਾ ਨਹੀਂ ਹੈ ਕਿ ਫੈਮਿਲੀ ਪਲੈਨਿੰਗ ਕਿਵੇਂ ਹੋ ਰਿਹਾ ਹੈ। ਇਹ ਤਾਂ ਕਲਪ - ਕਲਪ ਬਾਪ ਕਰਦੇ ਹਨ ਡਰਾਮਾ ਅਨੁਸਾਰ। ਫਿਰ ਇਹ ਹੋਣਾ ਹੀ ਹੈ। ਸਤਿਯੁੱਗ ਵਿੱਚ ਬੜੇ ਥੋੜੇ ਮਨੁੱਖ ਹੁੰਦੇ ਹਨ, ਇਸ ਵਿੱਚ ਫਿਕਰ ਦੀ ਕੋਈ ਗੱਲ ਨਹੀਂ ਹੈ। ਬਾਪ ਪ੍ਰੈਕਟੀਕਲ ਵਿੱਚ ਇਹ ਕੰਮ ਕਰ ਰਹੇ ਹਨ। ਉਹ ਲੋਕ ਕਿੰਨਾ ਮੱਥਾ ਮਾਰਦੇ ਹਨ। ਐਜੂਕੇਸ਼ਨ ਮਨਿਸਟਰ ਨੂੰ ਵੀ ਸਮਝਾਓ। ਹੁਣ ਦੇ ਕਰੈਕਟਰ ਕਿੰਨੇ ਖ਼ਰਾਬ ਹਨ। ਦੇਵਤਾਵਾਂ ਦੇ ਕਰੈਕਟਰ ਕਿੰਨੇ ਚੰਗੇ ਸੀ। ਤੁਸੀਂ ਬੇਪਰਵਾਹ ਹੋਕੇ ਵਾਣੀ ਚਲਾਓ। ਬੋਲੋ, ਇਹ ਕੋਈ ਤੁਹਾਡਾ ਮਨਿਸਟਰ ਦਾ ਕੰਮ ਨਹੀਂ ਹੈ। ਇਹ ਤਾਂ ਉੱਚੇ ਤੇ ਉੱਚੇ ਬਾਪ ਦਾ ਕੰਮ ਹੈ। ਇਨ੍ਹਾਂ ਦੇਵਤਾਵਾਂ ਦੇ ਰਾਜ਼ ਵਿੱਚ ਇਕ ਧਰਮ, ਇਕ ਰਾਜ਼, ਇਕ ਭਾਸ਼ਾ ਸੀ। ਕਿੰਨੇ ਥੋੜੇ ਮਨੁੱਖ ਸਨ। ਪਰ ਇਵੇਂ ਦੀ ਯੁੱਕਤੀ ਨਾਲ ਬੋਲਨਾ ਬਹੁਤ ਘੱਟ ਨੂੰ ਆਉਂਦਾ ਹੈ। ਉਹ ਰੂਹਾਬ ਨਹੀਂ ਰਹਿੰਦਾ ਹੈ। ਉਨ੍ਹਾਂ ਨੂੰ ਇਹ ਲਕਸ਼ਮੀ - ਨਰਾਇਣ ਦਾ ਚਿੱਤਰ ਦਿਖਾਉਣਾ ਚਾਹੀਦਾ ਹੈ। ਇਹ ਫੈਮਿਲੀ ਪਲੈਨਿੰਗ ਬਾਪ ਨੇ ਹੀ ਕੀਤੀ ਸੀ। ਹੁਣ ਫਿਰ ਤੋਂ ਕਰ ਰਹੇ ਹਨ। ਇਨ੍ਹਾਂ ਦੇ ਰਾਜ਼ ਦੀ ਸਥਾਪਨਾ ਹੋ ਰਹੀ ਹੈ।

ਬਾਬਾ ਨੇ ਕਿਹਾ ਹੈ - ਇਹ ਲਕਸ਼ਮੀ - ਨਰਾਇਣ ਦਾ ਚਿਤੱਰ ਹਮੇਸ਼ਾ ਫਰੰਟ ਵਿੱਚ ਰੱਖੋ ਅਤੇ ਬੱਤੀਆਂ ਆਦਿ ਖੂਬ ਲਗਾਵੋ। ਪ੍ਰਭਾਤਫੇਰੀ ਵਿੱਚ ਇਹ ਟ੍ਰਾਂਸਲਾਈਟ ਦਾ ਚਿੱਤਰ ਹੋਵੇ। ਜੋ ਇਕਦਮ ਕਲੀਅਰ ਕੋਈ ਵੀ ਦੇਖ ਸਕੇ। ਬੋਲੋ, ਅਸੀਂ ਇਹ ਫੈਮਿਲੀ ਪਲੈਨਿੰਗ ਕਰ ਰਹੇ ਹਾਂ। ਰਾਜਾ, ਰਾਣੀ ਅਤੇ ਪ੍ਰਜਾ । ਡੀਟੀ ਡਾਈਨੇਸਟੀ ਦੀ ਸਥਾਪਨਾ ਹੋ ਰਹੀ ਹੈ। ਬਾਕੀ ਸਭ ਵਿਨਾਸ਼ ਹੋ ਜਾਣਗੇ। ਤੁਸੀਂ ਕਹਿੰਦੇ ਵੀ ਹੋ ਕਿ ਹੇ ਪਤਿਤ-ਪਾਵਨ ਆਵੋ, ਸਾਨੂੰ ਪਾਵਨ ਬਣਾਓ। ਉਹ ਤਾਂ ਬਾਪ ਹੀ ਬਣਾ ਸਕਦੇ ਹਨ। ਇੱਕ ਦੇਵੀ - ਦੇਵਤਾ ਧਰਮ ਹੀ ਪਾਵਨ ਹੁੰਦਾ

ਹੈ। ਬਾਕੀ ਸਭ ਖ਼ਤਮ ਹੋ ਜਾਂਦਾ ਹੈ। ਬੋਲੋ, ਸ਼ਿਵਬਾਬਾ ਦੇ ਹੱਥ ਵਿੱਚ ਹੀ ਇਹ ਪਲੈਨਿੰਗ ਹੈ। ਸਤਿਯੁੱਗ ਵਿੱਚ ਇਹ ਪਲੈਨਿੰਗ ਹੋ ਜਾਂਦੀ ਹੈ। ਉੱਥੇ ਹੈ ਹੀ ਦੇਵਤਾ ਵੰਸ਼, ਸ਼ੂਦ੍ਰ ਹੁੰਦੇ ਨਹੀਂ ਹਨ। ਇਹ ਤਾਂ ਬੜੀ ਫਸਟ ਕਲਾਸ ਪਲੈਨਿੰਗ ਹੈ। ਬਾਕੀ ਸਾਰੇ ਧਰਮ ਖ਼ਲਾਸ ਹੋ ਜਾਣਗੇ। ਇਸ ਬਾਪ ਦੀ ਪਲੈਨਿੰਗ ਨੂੰ ਆਕੇ ਸਮਝੋ। ਤੁਹਾਡੀ ਇਹ ਗੱਲ ਸੁਣ ਕੇ ਤੁਹਾਡੇ ਤੇ ਬਹੁਤ ਕੁਰਬਾਨ ਜਾਣਗੇ। ਇਹ ਮਨਿਸਟਰ ਆਦਿ ਨਿਰਵਿਕਾਰੀ ਪਲੈਨਿੰਗ ਬਣਾ ਕਿਵੇਂ ਸਕਣਗੇ। ਬਾਪ ਜੋ ਉੱਚੇ ਤੇ ਉੱਚਾ ਭਗਵਾਨ ਹੈ, ਉਹ ਆਉਂਦੇ ਹੀ ਹਨ ਇਹ ਪਲੈਨਿੰਗ ਕਰਨ ਦੇ ਲਈ। ਬਾਕੀ ਸਭ ਅਨੇਕ ਧਰਮਾਂ ਨੂੰ ਖ਼ਲਾਸ ਕਰ ਦਿੰਦੇ ਹਨ। ਇਹ ਗੱਲ ਹੈ ਹੀ ਬੇਹੱਦ ਦੇ ਬਾਪ ਦੇ ਹੱਥ ਵਿੱਚ। ਪੁਰਾਣੀ ਚੀਜ਼ ਨੂੰ ਨਵਾਂ ਬਣਾ ਦਿੰਦੇ ਹਨ। ਬਾਪ ਨਵੀ ਦੁਨੀਆਂ ਦੀ ਸਥਾਪਨਾ ਕਰਕੇ ਪੁਰਾਣੀ ਦਾ ਵਿਨਾਸ਼ ਕਰ ਦਿੰਦੇ ਹਨ। ਇਹ ਡਰਾਮਾ ਵਿੱਚ ਨੂੰਧ ਹੈ। ਸਮਝਾਉਣਾ ਚਾਹੀਦਾ ਹੈ - ਭੈਣੋ ਅਤੇ ਭਰਾਵੋ, ਇਸ ਸ੍ਰਿਸ਼ਟੀ ਦੇ ਆਦਿ-ਮੱਧ-ਅੰਤ ਨੂੰ ਤੁਸੀਂ ਨਹੀਂ ਜਾਣਦੇ ਹੋ, ਬਾਪ ਦੱਸਦੇ ਹਨ। ਸਤਿਯੁੱਗ ਆਦਿ ਵਿੱਚ ਨਾ ਇੰਨੇ ਮਨੁੱਖ ਹੁੰਦੇ ਹਨ, ਨਾ ਫੈਮਿਲੀ ਪਲੈਨਿੰਗ ਆਦਿ ਦੀ ਗੱਲ ਹੀ ਕਰਦੇ ਹਨ। ਪਹਿਲਾਂ ਤੁਸੀਂ ਸ੍ਰਿਸ਼ਟੀ ਦੇ ਆਦਿ-ਮੱਧ-ਅੰਤ ਨੂੰ ਆਕੇ ਸਮਝੋ। ਸਦਗਤੀ ਦਾਤਾ ਬਾਪ ਹੀ ਹੈ। ਸਦਗਤੀ ਮਤਲਬ ਸਤਿਯੁੱਗੀ ਮਨੁੱਖ। ਪਹਿਲਾਂ-ਪਹਿਲਾਂ ਇਹ ਦੇਵੀ - ਦੇਵਤਾ ਬੜੇ ਥੋੜੇ ਸੀ, ਫਸਟਕਲਾਸ ਧਰਮ ਸੀ। ਬਾਬਾ ਫੁੱਲਾਂ ਦੀ ਫਸਟਕਲਾਸ ਪਲੈਨਿੰਗ ਬਣਾਉਂਦੇ ਹਨ। ਕਾਮ ਤਾਂ ਮਹਾਸ਼ਤਰੂ ਹੈ। ਅੱਜਕਲ ਤਾਂ ਇਸਦੇ ਪਿੱਛੇ ਪ੍ਰਾਣ ਵੀ ਦੇ ਦਿੰਦੇ ਹਨ। ਕੋਈ ਦੀ ਕਿਸੇ ਨਾਲ ਦਿਲ ਹੁੰਦੀ ਹੈ, ਮਾਂ-ਬਾਪ ਸ਼ਾਦੀ ਨਹੀਂ ਕਰਵਾਉਂਦੇ ਤਾਂ ਬਸ ਘਰ ਵਿੱਚ ਹੀ ਹੰਗਾਮਾ ਮਚਾ ਦਿੰਦੇ ਹਨ। ਇਹ ਹੈ ਹੀ ਗੰਦੀ ਦੁਨੀਆਂ। ਸਭ ਇੱਕ ਦੋ ਨੂੰ ਕੰਡਾ ਲਗਾਉਂਦੇ ਰਹਿੰਦੇ ਹਨ। ਸਤਿਯੁੱਗ ਵਿੱਚ ਤਾਂ ਫੁੱਲਾਂ ਦੀ ਬਰਖਾ(ਮੀਂਹ) ਹੋਵੇਗੀ। ਤਾਂ ਇਵੇਂ-ਇਵੇਂ ਵਿਚਾਰ ਸਾਗਰ ਮੰਥਨ ਕਰੋ। ਬਾਬਾ ਇਸ਼ਾਰਾ ਦਿੰਦੇ ਰਹਿੰਦੇ ਹਨ। ਤੁਸੀਂ ਇਸਨੂੰ ਰੀਫਾਈਨ ਕਰੋ। ਚਿੱਤਰ ਵੀ ਵੱਖ-ਵੱਖ ਤਰ੍ਹਾਂ ਦੇ ਬਣਾਉਂਦੇ ਹਨ। ਧਰਮ ਅਨੁਸਾਰ ਜੋ ਕੁਝ ਵੀ ਹੁੰਦਾ ਹੈ ਉਹ ਠੀਕ ਹੈ। ਕਿਸੇ ਨੂੰ ਸਮਝਾਉਣਾ ਵੀ ਬੜਾ ਸੌਖਾ ਹੈ। ਸਭ ਦਾ ਧਿਆਨ ਬਾਪ ਦੀ ਤਰਫ ਖਿਚਵਾਨਾ ਹੈ। ਬਾਪ ਦਾ ਹੀ ਇਹ ਕੰਮ ਹੈ। ਹੁਣ ਬਾਪ ਉਪਰ ਬੈਠਾ ਹੈ, ਇਹ ਕੰਮ ਕਰੇਗਾ ਨਹੀਂ। ਕਹਿੰਦੇ ਵੀ ਹਨ ਜਦੋ ਜਦੋ ਧਰਮ ਦੀ ਗਲਾਨੀ ਹੁੰਦੀ ਹੈ, ਆਸੁਰੀ ਰਾਜ਼ ਹੁੰਦਾ ਹੈ ਓਦੋਂ-ਓਦੋਂ ਆਕੇ ਇਨ੍ਹਾਂ ਸਭ ਨੂੰ ਖ਼ਲਾਸ ਕਰ ਦੈਵੀ ਰਾਜ ਦੀ ਸਥਾਪਨਾ ਕਰਦਾ ਹਾਂ। ਮਨੁੱਖ ਤਾਂ ਅਗਿਆਨ ਨੀਂਦ ਵਿੱਚ ਸੁੱਤੇ ਹੋਏ ਹਨ। ਇਹ ਸਭ ਵਿਨਾਸ਼ ਹੋ ਜਾਵੇਗਾ। ਜੋ ਨਿਰਵਿਕਾਰੀ ਬਣਦੇ ਹਨ ਉਨ੍ਹਾਂ ਦੀ ਹੀ ਫੈਮਿਲੀ ਆਕੇ ਰਾਜ ਕਰਦੀ ਹੈ। ਗਾਇਨ ਵੀ ਹੈ - ਬ੍ਰਹਮਾ ਦਵਾਰਾ ਸਥਾਪਨਾ, ਕਿਸਦੀ? ਇਸ ਫੈਮਿਲੀ ਦੀ। ਇਹ ਪਲੈਨਿੰਗ ਹੋ ਰਹੀ ਹੈ। ਬ੍ਰਹਮਾਕੁਮਾਰ-ਕੁਮਾਰੀਆਂ ਪਵਿੱਤਰ ਬਣਦੇ ਹਨ ਤਾਂ ਉਨ੍ਹਾਂ ਦੇ ਲਈ ਜਰੂਰ ਪਵਿੱਤਰ ਨਵੀ ਦੁਨੀਆਂ ਚਾਹੀਦੀ ਹੈ। ਇਹ ਪੁਰਸ਼ੋਤਮ ਸੰਗਮਯੁੱਗ ਬੜਾ ਛੋਟਾ ਹੈ। ਇੰਨੇ ਥੋੜੇ ਸਮੇਂ ਵਿੱਚ ਕਿੰਨੀ ਚੰਗੀ ਪਲੈਨਿੰਗ ਕਰ ਦਿੰਦੇ ਹਨ। ਬਾਪ ਸਭ ਦਾ ਹਿਸਾਬ ਕਿਤਾਬ ਚੁਕਤੂ ਕਰਾ ਕੇ ਆਪਣੇ ਘਰ ਲੈ ਜਾਂਦੇ ਹਨ, ਇੰਨਾ ਸਾਰਾ ਕਿਚਰਾ ਉੱਥੇ ਨਹੀਂ ਲੈ ਜਾਣਗੇ। ਛੀ-ਛੀ ਆਤਮਾਵਾਂ ਜਾ ਨਾ ਸਕਣ, ਇਸਲਈ ਬਾਪ ਆਕੇ ਗੁਲ-ਗੁਲ ਬਣਾ ਕੇ ਲੈ ਜਾਂਦੇ ਹਨ। ਇਵੇਂ-ਇਵੇਂ ਦੀਆਂ ਗੱਲਾਂ ਤੇ ਵਿਚਾਰ ਸਾਗਰ ਮੰਥਨ ਕਰੋ। ਤੁਸੀਂ ਰਿਲਾਈਜ ਕਰਦੇ ਰਹਿੰਦੇ ਹੋ। ਬਾਪ ਕਹਿੰਦੇ ਹਨ ਮੈਂ ਇੱਕ ਧਰਮ ਦੀ ਸਥਾਪਨਾ ਕਰਵਾਉਣ, ਤੁਹਾਨੂੰ ਰਿਹਰਸਲ ਕਰਵਾ ਰਿਹਾ ਹਾਂ। ਇਹ ਫੈਮਿਲੀ ਪਲੈਨਿੰਗ ਕਿਸ ਨੇ ਕੀਤੀ? ਬਾਪ ਕਹਿੰਦੇ ਹਨ ਮੈਂ ਕਲਪ ਪਹਿਲਾਂ ਮਿਸਲ ਆਪਣਾ ਕੰਮ ਕਰ ਰਿਹਾ ਹਾਂ। ਪੁਕਾਰਦੇ ਹੀ ਹਨ ਪਤਿਤ ਫੈਮਿਲੀ ਤੋਂ ਬਦਲ ਕੇ ਪਾਵਨ ਫੈਮਿਲੀ ਸਥਾਪਨ ਕਰੋ। ਇਸ ਵੇਲੇ ਸਭ ਪਤਿਤ ਹਨ। ਸ਼ਾਦੀਆਂ ਤੇ ਲੱਖਾਂ ਖਰਚਾ ਕਰਦੇ ਹਨ। ਕਿੰਨਾ ਸ਼ਾਦਨਾਮਾ ਕਰਦੇ ਹਨ ਹੋਰ ਹੀ ਪਾਵਨ ਤੋਂ ਬਦਲ ਪਤਿਤ ਬਣ ਜਾਂਦੇ ਹਨ।

ਤੁਹਾਨੂੰ ਬੱਚਿਆਂ ਨੂੰ ਹੁਣ ਇਹ ਈਸ਼ਵਰੀਏ ਧੰਧਾ ਕਰਨਾ ਚਾਹੀਦਾ ਹੈ। ਸਭ ਨੂੰ ਸਮਝਾਉਣਾ ਚਾਹੀਦਾ ਹੈ। ਸਭ ਆਸੁਰੀ ਨੀਂਦ ਵਿੱਚ ਸੁੱਤੇ ਹੋਏ ਹਨ, ਉਨ੍ਹਾਂ ਨੂੰ ਜਗਾਉਣਾ ਚਾਹੀਦਾ ਹੈ। ਗੋਰਾ ਬਣ ਕੇ ਹੋਰਾਂ ਨੂੰ ਵੀ ਬਣਾਓ। ਤਾਂ ਬਾਪ ਦਾ ਪਿਆਰ ਵੀ ਜਾਵੇ। ਸਰਵਿਸ ਹੀ ਨਹੀਂ ਕਰੋਗੇ ਤਾਂ ਕੀ ਮਿਲੇਗਾ? ਕੋਈ ਬਾਦਸ਼ਾਹ ਬਣਦੇ ਹਨ ਤਾਂ ਜਰੂਰ ਕੋਈ ਚੰਗੇ ਕਰਮ ਕੀਤੇ ਹਨ। ਇਹ ਤਾਂ ਕੋਈ ਵੀ ਸਮਝ ਸਕਦਾ ਹੈ। ਇਹ ਰਾਜਾ ਰਾਣੀ ਹੈ, ਅਸੀਂ ਦਾਸ ਦਾਸੀਆਂ ਹਾਂ ਤਾਂ ਜਰੂਰ ਪਿਛਲੇ ਜਨਮ ਵਿੱਚ ਕਰਮ ਅਜਿਹੇ ਕੀਤੇ ਹਨ। ਬੁਰੇ ਕਰਮ ਕਰਨ ਨਾਲ ਬੁਰਾ ਜਨਮ ਮਿਲਦਾ ਹੈ। ਕਰਮਾਂ ਦੀ ਗਤੀ ਤਾਂ ਚਲਦੀ ਰਹਿੰਦੀ ਹੈ। ਹੁਣ ਬਾਪ ਤੁਹਾਨੂੰ ਚੰਗੇ ਕਰਮ ਕਰਨਾ ਸਿਖਾਉਂਦੇ ਹਨ। ਉੱਥੇ ਵੀ ਜਰੂਰ ਅਜਿਹਾ ਸਮਝਣਗੇ ਕੀ ਪਿਛਲੇ ਜਨਮ ਦੇ ਕਰਮਾਂ ਅਨੁਸਾਰ ਅਜਿਹੇ ਬਣੇ ਹਾਂ। ਬਾਕੀ ਕੀ ਕਰਮ ਕੀਤੇ ਹਨ ਉਹ ਨਹੀਂ ਜਾਣਗੇ। ਕਰਮ ਗਾਏ ਜਾਂਦੇ ਹਨ। ਜਿਨ੍ਹਾਂ ਜੋ ਚੰਗਾ ਕਰਮ ਕਰਦੇ ਹਨ ਉਹ ਉੱਚ ਪਦ ਪਾਉਂਦੇ ਹਨ। ਉੱਚੇ ਕਰਮਾਂ ਨਾਲ ਹੀ ਉੱਚੇ ਬਣਦੇ ਹਨ। ਚੰਗੇ ਕਰਮ ਨਹੀਂ ਕਰਦੇ ਤਾਂ ਝਾੜੂ ਲਗਾਉਂਦੇ ਹਨ। ਭਰੀ ਢੋਂਦੇ ਹਨ। ਕਰਮਾਂ ਦਾ ਫੱਲ ਤਾਂ ਕਹਾਂਗੇ ਨਾ। ਕਰਮਾਂ ਦੀ ਥਿਊਰੀ ਚਲਦੀ ਹੈ। ਸ਼੍ਰੀਮਤ ਨਾਲ ਚੰਗੇ ਕਰਮ ਹੁੰਦੇ ਹਨ। ਕਿੱਥੇ ਬਾਦਸ਼ਾਹ, ਕਿੱਥੇ ਦਾਸ ਦਾਸੀਆਂ। ਬਾਪ ਕਹਿੰਦੇ ਹਨ ਹੁਣ ਫਾਲੋ ਫਾਦਰ। ਮੇਰੀ ਸ਼੍ਰੀਮਤ ਤੇ ਚੱਲੋਗੇ ਤਾਂ ਉੱਚ ਪਦ ਪਾਵੋਗੇ। ਬਾਪ ਸਾਕਸ਼ਾਤਕਾਰ ਵੀ ਕਰਵਾਉਂਦੇ ਹਨ। ਇਹ ਮੰਮਾ, ਬਾਬਾ, ਬੱਚੇ ਇੰਨੇ ਉੱਚ ਬਣਦੇ ਹਨ, ਇਹ ਵੀ ਕਰਮ ਹੈ ਨਾ। ਬਹੁਤ ਬੱਚੀਆਂ ਕਰਮਾਂ ਨੂੰ ਸਮਝਦੀਆਂ ਨਹੀਂ ਹਨ। ਪਿਛਾੜੀ ਵਿੱਚ ਸਭ ਨੂੰ ਸਾਕਸ਼ਾਤਕਾਰ ਹੋਵੇਗਾ। ਚੰਗੀ ਤਰ੍ਹਾਂ ਪੜਾਂਗੇ, ਲਿਖਾਂਗੇ ਤਾਂ ਨਵਾਬ ਬਣਾਂਗੇ, ਰੁਲਾਂਗੇ ਪੀਲਾਂਗੇ ਤਾਂ ਹੋਵਾਂਗੇ ਖ਼ਰਾਬ। ਇਹ ਤਾਂ ਉਸ ਪੜਾਈ ਵਿੱਚ ਵੀ ਹੁੰਦਾ ਹੈ। ਭਗਵਾਨੁਵਾਚ, ਇਸ ਵੇਲੇ ਸਾਰੀ ਦੁਨੀਆਂ ਕਾਮ ਚਿਤਾ ਤੇ ਜਲ ਮਰੀ ਹੈ। ਕਹਿੰਦੇ ਹਨ ਇਸਤਰੀ ਨੂੰ ਦੇਖਣ ਨਾਲ ਅਵਸਥਾ ਵਿੱਘੜਦੀ ਹੈ। ਉੱਥੇ ਤਾਂ ਇਸ ਤਰ੍ਹਾਂ ਅਵਸਥਾ ਨਹੀਂ ਵਿਗੜੇਗੀ। ਬਾਪ ਕਹਿੰਦੇ ਹਨ ਨਾਮ ਰੂਪ ਦੇਖੋ ਹੀ ਨਹੀਂ। ਤੁਸੀਂ ਭਾਈ-ਭਾਈ ਨੂੰ ਦੇਖੋ। ਬੜੀ ਮੰਜਿਲ ਹੈ। ਵਿਸ਼ਵ ਦਾ ਮਾਲਿਕ ਬਣਨਾ ਹੈ। ਕਦੇ ਕਿਸੇ ਦੀ ਬੁੱਧੀ ਵਿੱਚ ਨਹੀਂ ਹੋਵੇਗਾ - ਇਹ ਲਕਸ਼ਮੀ- ਨਰਾਇਣ ਵਿਸ਼ਵ ਦੇ ਮਾਲਿਕ ਕਿਵੇਂ ਬਣੇ? ਬਾਪ ਕਹਿੰਦੇ ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦਾ ਹਾਂ। ਇਹ ਲਕਸ਼ਮੀ- ਨਰਾਇਣ ਸਰਵਗੁਣ ਸੰਪੰਨ ਸਨ। ਅੱਜਕਲ ਜਿਨ੍ਹਾਂ ਦਾ ਤੁਸੀਂ ਨਵਾਂ ਬੱਲਡ ਸਮਝਦੇ ਹੋ ਉਹ ਕੀ ਕਰਦੇ ਰਹਿੰਦੇ ਹਨ! ਕੀ ਗਾਂਧੀ ਜੀ ਇਹ ਸਿਖਾ ਕੇ ਗਏ ਸੀ? ਰਾਮ ਰਾਜ ਬਣਾਉਣ ਦੀ ਵੀ ਯੁਕਤੀ ਚਾਹੀਦੀ ਹੈ। ਇਹ ਤਾਂ ਬਾਪ ਦਾ ਹੀ ਕੰਮ ਹੈ। ਬਾਪ ਤਾਂ ਏਵਰ ਪਾਵਨ ਹੈ। ਤੁਸੀਂ ਫਿਰ 21 ਜਨਮ

ਪਾਵਨ ਰਹਿ ਫਿਰ 63 ਜਨਮ ਪਤਿਤ ਬਣ ਜਾਂਦੇ ਹੋ। ਸਮਝਾਉਣ ਵਿੱਚ ਇਨ੍ਹਾਂ ਮਸਤ ਬਣਨਾ ਚਾਹੀਦਾ ਹੈ। ਬਾਪ ਬੱਚਿਆਂ ਨੂੰ ਸਮਝਾਉਂਦੇ ਰਹਿੰਦੇ ਹਨ - ਬੱਚੇ, ਪਾਵਨ ਬਣੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਆਪਣੀ ਅਵਸਥਾ ਸਦਾ ਇਕਰਸ ਅਡੋਲ ਬਣਾਉਣ ਦੇ ਲਈ ਕਿਸੇ ਦੇ ਵੀ ਨਾਮ ਰੂਪ ਨੂੰ ਨਹੀਂ ਦੇਖਣਾ ਹੈ। ਭਾਈ-ਭਾਈ ਨੂੰ ਦੇਖੋ। ਦ੍ਰਿਸ਼ਟੀ ਨੂੰ ਪਾਵਨ ਬਣਾਓ। ਸਮਝਾਉਣ ਵਿੱਚ ਰੁਹਾਬ ਧਾਰਨ ਕਰੋ।

**2.** ਬਾਪ ਦਾ ਪਿਆਰ ਪਾਉਣ ਦੇ ਲਈ ਬਾਪ ਸਮਾਨ ਧੰਧਾ ਕਰਨਾ ਹੈ, ਜਿਹੜੇ ਆਸੁਰੀ ਨੀਂਦ ਵਿੱਚ ਸੁੱਤੇ ਹੋਏ ਹਨ ਉਨ੍ਹਾਂ ਨੂੰ ਜਗਾਉਣਾ ਹੈ। ਗੋਰਾ ਬਣ ਕੇ ਦੂਜਿਆਂ ਨੂੰ ਬਣਾਉਣਾ ਹੈ।

ਵਰਦਾਨ:- ਆਪਣੇ ਸਰਲ ਸੁਭਾਵ ਅਤੇ ਸ਼ੁਭ ਭਾਵ ਦਵਾਰਾ ਭੋਲਾਨਾਥ ਬਾਪ ਦੇ ਪਿਆਰ ਦਾ ਅਨੁਭਵ ਕਰਨ ਵਾਲੇ ਆਕਰਸ਼ਨਮੂਰਤ ਭਾਵ

ਭੋਲੇਨਾਥ ਬਾਪ ਨੂੰ ਸਭ ਤੋਂ ਪਿਆਰੇ ਭੋਲੇ ਬੱਚੇ ਹਨ। ਭੋਲੇ ਮਤਲਬ ਜੋ ਸਦਾ ਸਰਲ ਸੁਭਾਵ, ਸ਼ੁਭ ਭਾਵਨਾ ਅਤੇ ਸਵੱਛਤਾ ਸੰਪੰਨ ਮਨ ਅਤੇ ਕਰਮ ਦੋਵਾਂ ਵਿੱਚ ਸੱਚਾਈ ਅਤੇ ਸਫ਼ਾਈ ਵਾਲੇ ਹਨ, ਅਜਿਹੇ ਬੱਚੇ ਆਕਰਸ਼ਨਮੂਰਤ ਬਣ ਬਾਪ ਨੂੰ ਵੀ ਆਪਣੇ ਉੱਪਰ ਆਕਰਸ਼ਿਤ ਕਰਦੇ ਹਨ। ਭੋਲਾਨਾਥ ਬਾਪ ਇਵੇਂ ਦੇ ਸਰਲ ਸੁਭਾਵ ਭੋਲੇ ਬੱਚਿਆਂ ਦੇ ਗੁਣਾਂ ਦੀ ਮਾਲਾ ਸਿਮਰਨ ਕਰਦੇ ਹਨ। ਭਗਵਾਨ ਨੂੰ ਭੋਲਾਪਨ ਪਿਆਰਾ ਹੈ। ਤੁਸੀਂ ਬੱਚਿਆਂ ਨੇ ਆਪਣੇ ਭੋਲੇਪਨ ਨਾਲ ਹੀ ਭਗਵਾਨ ਨੂੰ ਮੋਹ ਲਿਆ, ਉਹਨਾਂ ਨੂੰ ਆਪਣਾ ਬਣਾ ਲਿਆ।

ਸਲੋਗਨ:- ਆਪਣੇ ਚੇਹਰੇ ਅਤੇ ਚਲਣ ਨਾਲ ਗੁਣ ਅਤੇ ਸ਼ਕਤੀਆਂ ਦੀ ਗਿਫ਼੍ਰ ਵੰਡਣਾ ਹੀ ਸ਼ੁਭ ਭਾਵਨਾ, ਸ਼ੁਭ ਕਾਮਨਾ ਹੈ।

******